www.a2zpapers.com

# 2316



## Class – ADFD II Sem.

## Subject –General. Punjabi

**Time Allowed : 3 hrs.** **Maximum Marks : 100**

1. ਕਿਸੇ ਇੱਕ ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

   (ੳ) ਸਾਹਿਤ ਅਤੇ ਲੋਕ ਸਾਹਿਤ

   (ਅ) ਅੱਖਾਂ 20

2. 'ਠਾਕੁਰ ਸਿੰਘ' ਰੇਖਾ ਚਿੱਤਰ ਦੇ ਆਧਾਰ 'ਤੇ ਠਾਕੁਰ ਸਿੰਘ ਦੀ ਸ਼ਖਸੀਅਤ ਦੇ ਗੁਣ ਬਿਆਨ ਕਰੋ।

   **ਜਾਂ**

   'ਭਾਈ ਸਮੁੰਦ ਸਿੰਘ' ਰੇਖਾ ਚਿੱਤਰ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿੱਚ ਲਿਖੋ। 20

3. ਨਾਂਵ ਕੀ ਹੁੰਦਾ ਹੈ? ਇਸ ਦੇ ਭੇਦ ਸਮਝਾਉ।

   **ਜਾਂ**

   ਵਿਸ਼ੇਸ਼ਣ ਦੀ ਪਰਿਭਾਸ਼ਾ ਦੱਸ ਕੇ ਇਸਦਾ ਵਰਗੀਕਰਣ ਕਰੋ। 20

4. ਹੇਠ ਲਿਖਿਆਂ ਵਿਚੋਂ ਕਿਸੇ ਇੱਕ ਤੇ ਪੈਰ੍ਹਾ ਰਚਨਾ ਕਰੋ।

   1. ਨਸ਼ਾ ਸਮਾਜ ਲਈ ਇੱਕ ਸਰਾਪ
   2. ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ
   3. ਸੋਸ਼ਲ ਮੀਡੀਆ 10

ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਇੱਕ ਚੰਗੇ ਨਾਗਰਿਕ ਨੇ ਆਪਣੇ ਸਮਾਜ, ਦੇਸ਼ ਤੇ ਮਨੁੱਖਤਾ ਲਈ ਫਰਜ਼ ਪੂਰੇ ਕਰਨੇ ਹੁੰਦੇ ਹਨ। ਇਹ ਫਰਜ਼ ਤਾਂ ਹੀ ਉਹ ਠੀਕ ਤਰ੍ਹਾਂ ਨਿਭਾ ਸਕਦਾ ਹੈ, ਜੇ ਉਹ ਪਹਿਲਾਂ ਸਰੀਰਕ, ਬੌਧਿਕ ਤੇ ਸਦਾਚਾਰਕ ਤੌਰ ਤੇ ਆਪਣੇ ਆਪ ਨੂੰ ਹਰ ਤਰ੍ਹਾਂ ਯੋਗ ਬਣਾਵੇ। ਰੋਗੀ ਮਨੁੱਖ ਨਾ ਕੇਵਲ ਆਪਣੇ ਪਰਿਵਾਰ ਜਾਂ ਸਮਾਜ ਦੀ ਕੋਈ ਵੀ ਸੇਵਾ ਨਹੀਂ ਕਰ ਸਕਦਾ, ਸਗੋਂ ਉਹ ਆਪਣੇ ਆਪ ਤੇ ਵੀ ਬੋਝ ਹੁੰਦਾ ਹੈ। ਵਿੱਦਿਆ-ਹੀਣ ਚੰਗਿਆਈ, ਕੁਰਬਾਨੀ ਜਾਂ ਸੇਵਾ ਭਾਵ ਦੀ





www.a2zpapers.com

www.a2zpapers.com

ਉਮੀਦ ਨਾ ਕਰਦਾ ਹੋਇਆ ਆਪਣੇ ਸ਼ਰੀਰ ਨੂੰ ਰਿਸ਼ਟ-ਪੁਸ਼ਟ ਤੇ ਸੁਸਥ ਰੱਖੇ, ਪੜ੍ਹ ਲਿਖ ਕੇ ਬੁੱਧੀਮਾਨ ਬਣੇ ਅਤੇ ਮਿੱਠਤ, ਨਿਮਰਤਾ, ਬਰਦਾਸ਼ਤ, ਨਿਡਰਤਾ ਤੇ ਸੇਵਾ ਭਾਵ ਆਦਿ ਸਦਾਚਾਰਕ ਗੁਣ ਗ੍ਰਹਿਣ ਕਰੇ।

(ੳ) ਚੰਗੇ ਨਾਗਰਿਕ ਵਿੱਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ?

(ਅ) ਚੰਗੇ ਨਾਗਰਿਕ ਨੇ ਸਮਾਜ, ਦੇਸ਼ ਤੇ ਮਨੁੱਖਤਾ ਲਈ ਕੀ ਕਰਨਾ ਹੁੰਦਾ ਹੈ?

(ੲ) ਰੋਗੀ ਮਨੁੱਖ ਬਾਰੇ ਪੈਰ੍ਹੇ ਵਿੱਚ ਕੀ ਦੱਸਿਆ ਗਿਆ ਹੈ?

(ਸ) ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਉ।

(ਹ) ਲਕੀਰੇ ਸ਼ਬਦਾਂ ਦੇ ਅਰਥ ਸਪਸ਼ਟ ਕਰੋ। 10

6. ਹੇਠ ਲਿਖਿਆਂ ਵਿਚੋਂ ਕਿਸੇ ਪੰਜ ਅਖਾਣਾਂ ਅਤੇ ਪੰਜ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੇ ਅਰਥ ਸਪਸ਼ਟ ਹੋ ਜਾਣ:

**ਅਖਾਣ:** ਉਲਟਾ ਚੋਰ ਕੋਤਵਾਲ ਨੂੰ ਡਾਂਟੇ, ਆਟੇ ਨਾਲ ਘੁਣ ਵੀ ਪਿਸ ਜਾਂਦਾ ਹੈ, ਅੱਗੇ ਅਗੇਰੇ ਜਾਹ ਕਰਮਾਂ ਦਾ ਖੱਟਿਆ ਖਾਹ, ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ, ਇੱਕ ਚੁੱਪ ਤੇ ਸੌ ਸੁੱਖ, ਸੰਗ ਤਾਰੇ ਕੁਸੰਗ ਡੋਬੇ, ਹੰਕਾਰਿਆ ਸੋ ਮਾਰਿਆ, ਕੋਹ ਨਾ ਤੁਰੀ ਬਾਬਾ ਤਿਹਾਈ।

**ਮੁਹਾਵਰੇ:** ਅੱਗ ਵਰ੍ਹਨੀ, ਡੋਬ ਪੈਣੇ, ਜੁਆਬ ਦੇਣਾ, ਫੁੱਲੇ ਨਾ ਸਮਾਉਣਾ, ਸਿਰੋਂ ਪਾਣੀ ਲੰਘਣਾ, ਬੇੜਾ ਗਰਕ ਹੋਣਾ, ਮੱਖੀਆਂ ਮਾਰਨੀਆਂ, ਰੰਗ ਵਿੱਚ ਭੰਗ ਪੈਣਾ। 20

******



www.a2zpapers.com